Press Note

**JAGAT GURU NANAK DEV PUNJAB STATE OPEN UNIVERSITY, PATIALA**
(Established by Act No.19 of 2019 of Legislature of the State of Punjab)

**PSOU/PRO/2024/124** **19 ਨਵੰਬਰ 2024**

## JGND PSOU ਵਿਖੇ ਐਮ.ਏ (ਅੰਗਰੇਜ਼ੀ) ਅਤੇ ਐਮ.ਏ (ਪੰਜਾਬੀ) ਦਾ ਪਰਸਨਲ ਕਾਂਟੈਕਟ ਪ੍ਰੋਗਰਾਮ (PCP)

ਯੂਨੀਵਰਸਿਟੀ ਗਰਾਂਟਸ ਕਮਿਸ਼ਨ (**UGC**) ਅਤੇ ਡਿਸਟੈਂਸ ਐਜੂਕੇਸ਼ਨ ਬਿਊਰੋ (**DEB**) ਦੇ ਨਿਯਮਾਂ ਅਨੁਸਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਦੇ ਸਕੂਲ ਆਫ਼ ਲੈਂਗੂਏਜ ਵੱਲੋਂ ਜੁਲਾਈ 2024 ਸੈਸ਼ਨ ਲਈ ਪਰਸਨਲ ਕਾਂਟੈਕਟ ਪ੍ਰੋਗਰਾਮ (PCP) ਦਾ ਆਯੋਜਨ ਮਾਣਯੋਗ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਜੀ ਦੀ ਅਗਵਾਈ ਹੇਠ ਕੀਤਾ ਗਿਆ ਹੈ। । ਪ੍ਰੋ. ਕਰਮਜੀਤ ਸਿੰਘ ਜੀ ਨੇ ਪਰਸਨਲ ਕਾਂਟੈਕਟ ਪ੍ਰੋਗਰਾਮ (PCP) ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਦੱਸਿਆ PCP ਰਾਹੀਂ ਵਿਦਿਆਰਥੀ ਆਪਣੇ ਅਧਿਆਪਕ ਨਾਲ ਸੰਪਰਕ ਕਰਕੇ ਵਿਸ਼ੇ ਸਬੰਧੀ ਗਿਆਨ ਵਧਾ ਸਕਦੇ ਹਨ।

ਡਾ. ਨਵਲੀਨ ਮੁਲਤਾਨੀ, ਮੁਖੀ, ਸਕੂਲ ਆਫ਼ ਲੈਂਗੂਏਜ ਨੇ ਕਿਹਾ ਕਿ ਪਰਸਨਲ ਕਾਂਟੈਕਟ ਪ੍ਰੋਗਰਾਮ (PCP) ਅਕਾਦਮਿਕ ਕੈਲੰਡਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਜੋ ਵਿਦਿਆਰਥੀਆਂ ਨੂੰ ਸਿੱਖਣ ਅਤੇ ਅਨੁਭਵ ਨੂੰ ਨਿਖਾਰਨ ਲਈ ਇੱਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ। ਉਹਨਾਂ ਕਿਹਾ ਕਿ ਐਮ.ਏ ਅੰਗਰੇਜ਼ੀ, ਐਮ.ਏ ਪੰਜਾਬੀ ਅਤੇ ਸਰਟੀਫਿਕੇਟ ਕੋਰਸ ਲਈ ਸਟਡੀ ਲਰਨਿੰਗ ਮਟੀਰੀਅਲ (SLM), ਵੀਡੀਓ ਲੈਕਚਰਸ ਅਤੇ PCP ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਤੇ ਨਵੀਂ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਅਹਿਮ ਭੂਮਿਕਾ ਨਿਭਾਉਂਦੇ ਹਨ।

ਸੈਸ਼ਨ ਜੁਲਾਈ 2024 ਦੇ ਤਹਿਤ MA English (II) ਪ੍ਰੋਗਰਾਮ *ਲਿਟਰੇਰੀ ਕਰਿਟਿਸਿਜ਼ਮ* ਅਤੇ MA Punjabi (II) ਪ੍ਰੋਗਰਾਮ *ਪੰਜਾਬੀ ਆਲੋਚਨਾ*ਦਾ ਆਯੋਜਨ ਕੀਤਾ ਗਿਆ । MA English (II) ਪ੍ਰੋਗਰਾਮ, ਜੋ 5 ਕ੍ਰੈਡਿਟ ਦਾ ਹੈ, ਲਈ 15 ਘੰਟਿਆਂ ਦਾ ਪਰਸਨਲ ਕਾਂਟੈਕਟ ਪ੍ਰੋਗ੍ਰਾਮ )PCP) ਅਤੇ MA Punjabi (II) ਪ੍ਰੋਗਰਾਮ, ਜੋ 4 ਕ੍ਰੈਡਿਟ ਦਾ ਹੈ, ਲਈ 12 ਘੰਟਿਆਂ ਦਾ ਪਰਸਨਲ ਕਾਂਟੈਕਟ ਪ੍ਰੋਗਰਾਮ (PCP) ਹੈ। ਅਕਾਦਮਿਕ ਸੈਸ਼ਨ 2024 ਲਈ ਪਰਸਨਲ ਕਾਂਟੈਕਟ ਪ੍ਰੋਗਰਾਮ (PCP) ਜੋ ਕਿ ਨਵੰਬਰ 2024 ਤੋਂ ਸ਼ੁਰੂ ਹੋਕੇ ਦਸੰਬਰ 2024 ਦੇ ਤੀਜੇ ਹਫਤੇ ਤੱਕ ਚੱਲਣਗੇ।

ਡਾ. ਨਵਲੀਨ ਮੁਲਤਾਨੀ, ਮੁਖੀ, ਸਕੂਲ ਆਫ਼ ਲੈਂਗੂਏਜ, ਡਾ. ਵਿਨੋਦ ਕੁਮਾਰ, ਸਹਾਇਕ ਪ੍ਰੋਫੈਸਰ, ਅੰਗਰੇਜ਼ੀ ਭਾਸ਼ਾ, ਸ੍ਰੀ ਗੁਰਸੰਦੇਸ਼ ਸਿੰਘ, ਸਹਾਇਕ ਪ੍ਰੋਫੈਸਰ, ਅੰਗਰੇਜ਼ੀ, ਡਾ. ਅਮਰਜੀਤ ਸਿੰਘ, ਸਹਾਇਕ ਪ੍ਰੋਫੈਸਰ, ਪੰਜਾਬੀ ਭਾਸ਼ਾ, ਡਾ. ਧਰਮਿੰਦਰ ਸਿੰਘ, ਸਹਾਇਕ ਪ੍ਰੋਫੈਸਰ, ਪੰਜਾਬੀ ਭਾਸ਼ਾ ਅਤੇ ਸ੍ਰੀ ਸਰਵਿੰਦਰ ਸਿੰਘ, ਸਹਾਇਕ ਪ੍ਰੋਫੈਸਰ, ਪੰਜਾਬੀ ਭਾਸ਼ਾ ਨੇ ਵਿਦਿਆਰਥੀਆਂ ਵੱਖ-ਵੱਖ ਵਿਸ਼ਿਆਂ ਤੇ ਲਈ PCP ਕਲਾਸਾਂ ਲਗਾਈਆਂ ।

NM 19/11/24

ਡਾਇਰੈਕਟਰ
ਲੋਕ ਸੰਪਰਕ ਸੈਲ
Director-Public Relations Cell
Jagat Guru Nanak Dev
Punjab State Open University
Patiala – 147001(PB) INDIA

News Clips

ਜਗ ਬਾਣੀ ਈ-ਪੇਪਰ
WED,20 NOVEMBER 2024
EDITION: PATIALA BANI, PAGE NO. 1

# ਜਗਤਗੁਰੂ ਨਾਨਕ ਦੇਵ ਓਪਨ ਯੂਨੀਵਰਸਿਟੀ ਵਿਖੇ ਐੱਮ. ਏ. (ਅੰਗਰੇਜ਼ੀ) ਅਤੇ ਐੱਮ. ਏ. (ਪੰਜਾਬੀ) ਦਾ ਪਰਸਨਲ ਕਾਂਟੈਕਟ ਪ੍ਰੋਗਰਾਮ ਆਯੋਜਿਤ



ਯੂਨੀਵਰਸਿਟੀ ਵੱਲੋਂ ਆਯੋਜਿਤ ਪਰਸਨਲ ਕਾਂਟੈਕਟ ਪ੍ਰੋਗਰਾਮ ਦਾ ਦ੍ਰਿਸ਼। (ਸੁੰਦਰ)

ਪਟਿਆਲਾ, 19 ਨਵੰਬਰ (ਰਾਜੇਸ਼ ਪੰਜੌਲਾ)- ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਡਿਸਟੈਂਸ ਐਜੂਕੇਸ਼ਨ ਬਿਊਰੋ ਦੇ ਨਿਯਮਾਂ ਅਨੁਸਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਦੇ ਸਕੂਲ ਆਫ ਲੈਂਗੂਏਜ਼ ਵੱਲੋਂ ਜੁਲਾਈ 2024 ਸੈਸ਼ਨ ਲਈ ਪਰਸਨਲ ਕਾਂਟੈਕਟ ਪ੍ਰੋਗਰਾਮ ਦਾ ਆਯੋਜਨ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਦੀ ਅਗਵਾਈ ਹੇਠ ਕੀਤਾ ਗਿਆ।

ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਪਰਸਨਲ ਕਾਂਟੈਕਟ ਪ੍ਰੋਗਰਾਮ ਦੀ ਮਹੱਤਤਾ ਨੂੰ ਦਰਸ਼ਾਉਂਦਿਆਂ ਦੱਸਿਆ ਕਿ ਵਿਦਿਆਰਥੀ ਆਪਣੇ ਅਧਿਆਪਕ ਨਾਲ ਸੰਪਰਕ ਕਰ ਕੇ ਵਿਸ਼ੇ ਸਬੰਧੀ ਗਿਆਨ ਵਧਾ ਸਕਦੇ ਹਨ। ਡਾ. ਨਵਲੀਨ ਮੁਲਤਾਨੀ ਮੁਖੀ ਸਕੂਲ ਆਫ ਲੈਂਗੂਏਜ਼ ਨੇ ਕਿਹਾ ਕਿ ਪਰਸਨਲ ਕਾਂਟੈਕਟ ਪ੍ਰੋਗਰਾਮ ਅਕਾਦਮਿਕ ਕੈਲੰਡਰ ਦਾ ਇਕ ਮਹੱਤਵਪੂਰਨ ਹਿੱਸਾ ਹੈ, ਜੋ ਵਿਦਿਆਰਥੀਆਂ ਨੂੰ ਸਿੱਖਣ ਅਤੇ ਅਨੁਭਵ ਨੂੰ ਨਿਖਾਰਨ ਲਈ ਇਕ ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ।

ਉਨ੍ਹਾਂ ਕਿਹਾ ਕਿ ਐੱਮ. ਏ. ਅੰਗਰੇਜ਼ੀ, ਐੱਮ. ਏ. ਪੰਜਾਬੀ ਅਤੇ ਸਰਟੀਫਿਕੇਟ ਕੋਰਸ ਲਈ ਸਟੱਡੀ ਲਰਨਿੰਗ ਮਟੀਰੀਅਲ, ਵੀਡੀਓ ਲੈਕਚਰਸ ਅਤੇ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਤੇ ਨਵੀਂ ਜਾਣਕਾਰੀ ਪ੍ਰਦਾਨ ਕਰਨ ਵਾਸਤੇ ਅਹਿਮ ਭੂਮਿਕਾ ਨਿਭਾਉਂਦੇ ਹਨ। ਸੈਸ਼ਨ ਜੁਲਾਈ 2024 ਦੇ ਤਹਿਤ ਐੱਮ. ਏ. ਇੰਗਲਿਸ਼ (2) ਪ੍ਰੋਗਰਾਮਲਿਟਰੇਰੀ ਕਰਿਟਿਸਿਜ਼ਮ ਅਤੇ ਐੱਮ. ਏ. ਪੰਜਾਬੀ (2) ਪ੍ਰੋਗਰਾਮ ਪੰਜਾਬੀ ਆਲੋਚਨਾ ਦਾ ਆਯੋਜਨ ਕੀਤਾ ਗਿਆ।

ਡਾ. ਨਵਲੀਨ ਮੁਲਤਾਨੀ ਮੁਖੀ ਸਕੂਲ ਆਫ ਲੈਂਗੂਏਜ਼, ਡਾ. ਵਿਨੋਦ ਕੁਮਾਰ ਸਹਾਇਕ ਪ੍ਰੋਫੈਸਰ ਅੰਗਰੇਜ਼ੀ ਭਾਸ਼ਾ, ਗੁਰਸੰਦੇਸ਼ ਸਿੰਘ ਸਹਾਇਕ ਪ੍ਰੋਫੈਸਰ ਅੰਗਰੇਜ਼ੀ, ਡਾ. ਅਮਰਜੀਤ ਸਿੰਘ ਸਹਾਇਕ ਪ੍ਰੋਫੈਸਰ ਪੰਜਾਬੀ ਭਾਸ਼ਾ, ਡਾ. ਧਰਮਿੰਦਰ ਸਿੰਘ ਸਹਾਇਕ ਪ੍ਰੋਫੈਸਰ ਪੰਜਾਬੀ ਭਾਸ਼ਾ ਅਤੇ ਸਰਵਿੰਦਰ ਸਿੰਘ ਸਹਾਇਕ ਪ੍ਰੋਫੈਸਰ ਪੰਜਾਬੀ ਭਾਸ਼ਾ ਨੇ ਵਿਦਿਆਰਥੀਆਂ ਲਈ ਵੱਖ-ਵੱਖ ਵਿਸ਼ਿਆਂ 'ਤੇ ਕਲਾਸਾਂ ਲਗਾਈਆਂ।

# Pictures


Misandhu
randeep kaur
MUNISH BIRLA
nitisha saini
Mohanjeet Sing
Navleen Multani


(19) WhatsApp
Meet - fzi-bevk-tyr
PSOU | Admin
meet.google.com/fzi-bevk-tyr
Mohanjit SINGH
Yogita Sarwal
Multiple people want to join this call
View
Navleen Multani
3:10 PM | fzi-bevk-tyr
Search
15:10
08-11-2024




Links

https://www.instagram.com/p/DCjKmdOPg1z/?hl=en&img_index=1

https://www.instagram.com/p/DClCphEPTtV/?hl=en

https://www.facebook.com/photo/?fbid=122216809604031399&set=a.122130675002031399

https://www.facebook.com/photo?fbid=122216698508031399&set=a.122130675002031399